# "ਪੁਰਾਣੇ ਪੰਜਾਬ ਨੂੰ ਆਵਾਜ਼ਾਂ"

## ਕਵਿਤਾ ਦਾ ਵਿਸ਼ਾ ਵਸਤੂ :

ਪੁਰਾਣੇ ਪੰਜਾਬ ਨੂੰ ਆਵਾਜ਼ਾਂ ਕਵਿਤਾ ਪੰਜਾਬੀ ਦੇ ਮਹਾਨ ਕਵੀ **"ਪ੍ਰੋ. ਪੂਰਨ ਸਿੰਘ"** ਦੀ ਰਚਨਾ ਹੈ। ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਉਹਨਾਂ ਦਾ ਆਪਣਾ ਬਹੁਤ ਹੀ ਵਿਲੱਖਣ ਤੇ ਪ੍ਰਭਾਵਸ਼ਾਲੀ ਸਥਾਨ ਹੈ। ਉਹਨਾਂ ਨੇ ਆਪਣੀਆਂ ਵਧੇਰੇ ਰਚਨਾਵਾਂ ਵਿੱਚ ਮਨੁੱਖੀ ਭਾਵਨਾਵਾਂ, ਸਮਸਿਆਂ ਅਤੇ ਸਮਕਾਲੀ ਯਥਾਰਥ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ।

ਇਸ ਕਵਿਤਾ ਦਾ ਵਿਸ਼ਾ ਵਸਤੂ ਬਹੁਤ ਹੀ ਮਹੱਤਵਪੂਰਨ ਹੈ। ਪੁਰਾਣੇ ਪੰਜਾਬ ਨੂੰ ਆਵਾਜ਼ਾਂ ਕਵਿਤਾ ਵਿੱਚ ਕਵੀ ਨੇ ਪੁਰਾਣੇ ਪੰਜਾਬ ਦੇ ਵਿਰਸੇ ਜਾਂ ਕਦਰਾਂ-ਕੀਮਤਾਂ ਦੀ ਵਿਲੱਖਣ ਅੰਦਾਜ਼ ਨਾਲ ਪ੍ਰਸ਼ੰਸਾ ਕੀਤੀ ਹੈ।

ਇਸ ਕਵਿਤਾ ਵਿੱਚ ਕਵੀ ਆਖਦਾ ਹੈ ਕਿ ਅੱਜ ਦੇ ਸਮੇਂ ਵਿੱਚ ਲੋਕਾਂ ਦਾ ਆਪਸੀ ਮੋਹ-ਪਿਆਰ ਅਤੇ ਸਤਿਕਾਰ ਬਿਲਕੁਲ ਖ਼ਤਮ ਹੋ ਗਿਆ ਹੈ। ਹੁਣ ਪਹਿਲਾਂ ਵਰਗੇ ਕੁੜੀਆਂ ਦੇ ਤ੍ਰਿੰਞਣ ਨਹੀਂ ਲੱਭਦੇ। ਇਸੇ ਤਰ੍ਹਾਂ ਪਹਿਲਾਂ ਵਾਂਗ

ਕੀਤੀ ਜਾਣ ਵਾਲੀ ਮਹਿਮਾਨ ਨਿਵਾਜ਼ੀ, ਸੇਵਾ,
ਕੁਰਬਾਨੀ, ਹੌਸਲਾ ਅਤੇ ਮਹਿਫ਼ਲਾਂ ਨਹੀਂ
ਰਹੀਆਂ। ਇੱਥੇ ਕਵੀ ਗੁਆਚ ਗਈਆਂ
ਮਾਲਵੀ ਕਦਰਾਂ- ਕੀਮਤਾਂ ਪ੍ਰਤੀ ਚਿੰਤਾ ਪ੍ਰਗਟ
ਕਰਦਿਆਂ ਇਨ੍ਹਾਂ ਵਿੱਚ ਮਹੱਤਵ ਨੂੰ ਬਹੁਤ ਹੀ
ਪ੍ਰਭਾਵਸ਼ਾਲੀ ਢੰਗ ਨਾਲ ਉਘਾੜਦਾ ਹੈ।
ਇਸ ਕਵਿਤਾ ਵਿੱਚ ਕਵੀ ਸਪੱਸ਼ਟ ਕਰਦਾ ਹੈ ਕਿ
ਸਾਡਾ ਅਲਪੁਣਾਂ ਦਾ ਪੁਰਾਣਾ, ਮਜ਼ਬੂਤ ਅਤੇ ਨਾ
ਟੁੱਟਣ ਵਾਲਾ ਪਿਆਰ, ਭਾਈਚਾਰਾ ਗੁਆਚ
ਗਿਆ ਹੈ। ਹੁਣ ਲੋਕਾਂ ਦੇ ਸਮੁੰਦਰਾਂ ਵਰਗੇ
ਵਿਸ਼ਾਲ ਦਿਲ ਨਹੀਂ ਰਹੇ, ਕਵੀ ਕਹਿੰਦਾ ਹੈ ਕਿ
ਹੁਣ ਸੱਜ ਵਿਆਹੀਆਂ ਮੁਟਿਆਰਾਂ ਦਾ ਲਾਡ
ਸ਼ਿੰਗਾਰ, ਸੰਭਾਲ ਸਭ ਕੁਝ ਗੁਆਚ ਗਿਆ
ਹੈ।
ਕਵੀ ਦਾ ਕਹਿਣਾ ਹੈ:

" ਹਿੱਤ ਕਿੱਥੇ? ਪਿਆਰ ਕਿੱਥੇ?
ਉਹ ਸਾਡਾ ਹੱਸ ਖੇਲਣਾ
ਗੁਆਚ ਗਿਆ ਕਿੱਥੇ? "

ਇਸ ਕਵਿਤਾ ਵਿੱਚ ਕਵੀ ਆਖਦਾ ਹੈ ਕਿ ਸਾਡੀ
ਪੁਰਾਣੀ ਸੱਭਿਅਤਾ ਜਿਸ ਵਿੱਚ ਸੂਨਾ ਵਰਗੇ
ਦਰਿਆਵਾਂ ਵਰਗੀ ਵਿਸ਼ਾਲਤਾ ਤੇ ਡੂੰਘਾਈ ਸੀ,
ਉਹ ਹੁਣ ਦੂਰ ਚਲੀ ਗਈ ਹੈ। ਹੁਣ ਲੋਕ
ਇਕ- ਦੂਸਰੇ ਨਾਲ ਮਿਲ ਕੇ ਨਹੀਂ ਰਹਿ
ਰਹੇ। ਕਵੀ ਆਖਦਾ ਹੈ ਕਿ ਸਦੀਆਂ ਦੀ

ਉਹ ਆਸ਼ਾ ਵਾਲੀ ਖੋਜ਼ ਕਿਸੇ ਨੇ ਵੇਚ ਦਿੱਤੀ ਹੈ। ਪੁਰਾਣੀ ਸੱਭਿਅਤਾ ਵਿੱਚ ਬੇਤਰਤੀਬੀ ਜ਼ਰੂਰ ਸੀ, ਪਰ ਉਸ ਵਿੱਚ ਰੰਗੀਨਤਾ ਸੀ। ਉਸ ਸਮੇਂ ਲੋਕ ਤਰ੍ਹਾਂ-ਤਰ੍ਹਾਂ ਦੀਆਂ ਬੋਲੀਆਂ ਤੋਂ ਅਣਜਾਣ ਸਨ, ਪਰ ਲੋਕ ਕੰਮ ਕਰਨ ਵਾਲੇ ਸਾਧਾਰਨ ਸੋਚ ਰੱਖਦੇ ਸਨ।

ਕਵੀ ਦੱਸਦਾ ਹੈ ਕਿ ਪੁਰਾਣੇ ਪੰਜਾਬ ਵਿੱਚ ਲੋਕ ਸੱਚਾ ਸੁਥਰਾ ਵਿਉਪਾਰ ਕਰਦੇ ਸਨ। ਉਸ ਸਮੇਂ ਲੋਕ ਛੇਤੀ ਨਾਲ ਅਮੀਰ ਹੋਣ ਨੂੰ ਬੁਰਾ ਸਮਝਦੇ ਸਨ। ਸਾਰੇ ਲੋਕ ਪਰਮਾਤਮਾ ਵੱਲੋਂ ਕੀਤੇ ਮਿਲਾਪ ਸਦਕਾ ਸਾਥੀਆਂ ਦੇ ਸੇਵਾ ਕਰਦੇ ਸਨ। ਇਸ ਕਵਿਤਾ ਵਿੱਚ ਕਵਿ ਆਖਦਾ ਹੈ ਕਿ ਉਨ੍ਹਾਂ ਪੁਰਾਣੇ ਸਮੇਂ ਦੇ ਲੋਕਾਂ ਵੱਲੋਂ ਕੀਤੀ ਜਾਂਦੀ ਆਦਮੀ ਦੀ ਪੂਜਾ ਪਾਪ ਦੇ ਬਰਾਬਰ ਸੀ ਪਰ ਹੁਣ ਧਨ ਦੌਲਤ ਦੀ ਪੂਜਾ ਕਿਉਂ ਕੀਤੀ ਜਾਂਦੀ ਹੈ।

"ਆਦਮੀ ਦੀ ਪੂਜਾ ਛੱਡੀ,  
ਸੀਨਿਆਂ ਉਹ ਗੁਨਾਹ ਸੀ?  
ਪਰ ਠੀਕਰੀਆਂ ਦੀ ਪੂਜਾ ਅੱਜ,  
ਕਬਾਂਟੀ ਦਾ ਪੁੰਨ ਸੀ?"

ਕਵੀ ਦੱਸਦਾ ਹੈ ਕਿ ਪੁਰਾਣੇ ਸਾਧਾਰਨ ਲੋਕਾਂ ਦੀ ਸਬਰ ਸੰਤੋਖ ਭਰਪੂਰ, ਸਧਾਰਨ ਜੀਵਨ-ਜਾਚ ਹੀ ਵਧੀਆ ਸੀ।

ਕਵੀ ਨੂੰ ਜਾਪਦਾ ਹੈ ਕਿ ਹੁਣ ਤਾਂ ਪਿੱਪਲਾਂ ਦੇ ਥੱਲੇ ਵੀ ਲੋਕਾਂ ਦੀ ਰਹਿਤਲ ਮਾਨੋ ਉਦਾਸ ਹੋ ਗਏ ਹਨ। ਹੁਣ ਤਾਂ ਅੱਖਾਂ 'ਤੇ ਪਿਆ ਖੂਹ ਵੀ ਬੇਵੱਸ ਹੋ ਕੇ ਡਿੱਗਾ ਪਿਆ ਹੈ। ਕਵੀ ਅਜੋਕੇ ਵਿਆਹਾਂ ਵਿਚਲੇ ਰੰਗ ਦੀ ਥਾਂ ਪੁਰਾਣੇ ਵਿਆਹਾਂ ਸਮੇਂ ਅਪਣਾਈਆਂ ਜਾਂਦੀਆਂ ਰਸਮਾਂ ਵਿਚਲੀਆਂ ਖੁਸ਼ੀਆਂ ਦੀ ਪ੍ਰਸ਼ੰਸਾ ਕਰਦਾ ਹੈ। ਕਵੀ ਆਖਦਾ ਹੈ ਕਿ ਹੁਣ ਕੇਸਰ ਨਾਲ ਰੰਗੀਆਂ ਜੀਵਾਂ ਕਿੱਥੇ ਗਈਆਂ ਹਨ। ਇਸ ਕਵੀ ਪਰੰਪਰਕ ਸਮਾਜ ਵਿਚਲੀਆਂ ਵਿਆਹ ਸੰਬੰਧੀ ਖੁਸ਼ੀਆਂ ਭਰਪੂਰ ਰਸਮਾਂ ਦੇ ਗੁਆਚਣ ਪ੍ਰਤੀ ਚਿੰਤਾ ਪ੍ਰਗਟ ਕਰਦਾ ਹੈ।

"ਉਹ ਦਾਤਾ, ਉਹ ਭੰਡਾਰੀ,
ਉਹ ਸਾਂਝੀ, ਉਹ ਮਾਂਝੀ;
ਉਹ ਜੀਵਾਂ ਜਗਮਗ ਕਿੱਥੇ,
ਕੇਸਰ ਦੀਆਂ ਰੰਗੀਆਂ;"

ਕਵੀ ਦੱਸਦਾ ਹੈ ਕਿ ਵਿਆਹਾਂ ਸਮੇਂ ਹੋਣ ਵਾਲੀ ਛੁੱਪ-ਵਿੱਚਿਆਂ ਨਾਲ ਸੰਬੰਧਤ ਨੇਜ਼ੇਬਾਜ਼ੀ ਅਤੇ ਹੋਰ ਖੁਸ਼ੀਆਂ ਭਰਪੂਰ ਰਸਮਾਂ ਗੁਆਚ ਗਈਆਂ ਹਨ। ਹੁਣ ਲੋਕਾਂ ਵਿੱਚ ਪਹਿਲਾਂ ਵਰਗੀ ਸਿਊਣ ਦੀ ਖੁਸ਼ੀ, ਸ਼ਰਧਾ ਅਤੇ ਨਸ਼ਾ ਨਹੀਂ ਰਿਹਾ।

ਪੁਰਾਣੇ ਪੰਜਾਬ ਵਿੱਚ ਲੋਕ ਬਹੁਤ ਹੀ ਖੁਸ਼ੀ ਨਾਲ ਕੌਡੀ , ਗੀਝੀ, ਕੁਸ਼ਤੀ ਆਦਿ ਖੇਡਾਂ ਖੇਡਦੇ ਅਤੇ ਖੁਸ਼ੀ ਮਨਾਉਂਦੇ ਸਨ। ਕਵੀ ਵਿਚਾਰ ਪ੍ਰਗਟ ਕਰਦਾ ਹੈ ਕਿ ਪੁਰਾਣੇ ਪੰਜਾਬ ਵਿੱਚ ਲੋਕਾਂ ਦੀ ਜੀਵਨ ਜਾਚ ਵਿੱਚ ਕੁਝ ਵਹਿਮ ਸਨ ਤੇ ਉਨ੍ਹਾਂ ਦਾ ਖ਼ਤਮ ਹੋਣਾ ਠੀਕ ਹੈ, ਪਰ ਇਸ ਨਾਲ ਸਾਰੀਆਂ ਖੁਸ਼ੀਆਂ ਖੇਡਾਂ ਦਾ ਖ਼ਤਮ ਹੋ ਜਾਣਾ ਬਹੁਤ ਹੀ ਨਾਹ ਕੁਖੀ ਕੁਝਾਨ ਹੈ।

"ਵਹਿਮ ਸੀ ਉੱਡੇ ਤਾਂ ਉੱਡੇ ਸਦਕੇ,
ਵਹਿਮਾਂ ਦਾ ਉੱਡਣਾ ਜ਼ਰੂਰੀ ਸੀ,
ਪਰ ਸਾਡੀਆਂ ਸਾਰੀਆਂ ਖੁਸ਼ੀਆਂ ਨਾਲੇ ਗਈਆਂ,
ਜਿਵੇਂ ਤੁਰ ਗਈ, ਨਾਲੇ ਰੂਹ ਕਿੱਥੇ ਤੁਰ ਗਈ?,
ਔਖਾ ਹੈ ਜਿਹਾ ਢਸਾਈਆਂ ਨੂੰ ਕੱਢਣਾ..."

ਅੱਜ ਦੇ ਸਮੇਂ ਵਿੱਚ ਸਾਡੇ ਦਿਲਾਂ ਵਿੱਚ ਕੋਈ ਖੁਸ਼ੀ ਨਹੀਂ ਰਹੀ ਅਤੇ ਜਿੰਦਗੀ ਜੀਉਣ ਦੀ ਲੋਚਾ ਮੁੱਕ ਗਈ ਹੈ। ਇਸ ਕਵਿਤਾ ਵਿੱਚ ਕਵੀ ਆਖਦਾ ਹੈ ਕਿ ਇਹ ਸਭ ਕੁਝ ਕੀ ਅਤੇ ਕਿਉਂ ਹੋਇਆ ਹੈ। ਅਜਿਹਾ ਕਰਕੇ ਸਾਡੇ ਹੱਸ ਹੱਸ ਕੀ ਆਖਿਆ ਹੈ। ਐਕਰ ਸਰੀਰ ਨਹੀਂ ਤੇ ਜੀਵਨ ਵਿੱਚੋਂ ਜਿਉਣ ਦੀ ਲੋਚਾ ਵਿੱਚ ਦਵਾਈ ਪਾ ਕੇ ਮੌਤ ਦੇ ਮੂੰਹ ਜਾ ਪਏ ਤਾਂ ਕੀ ਲਾਭ ਹੈ। ਇਸ ਤਰ੍ਹਾਂ ਕਵੀ ਨੇ

Date : / /

ਪਰੰਪਰਕ ਜੀਵਨ ਜਾਚ ਵਿੱਚ ਆਧੁਨਿਕਤਾ ਦੇ ਨਾਂ ਤੇ ਕੀਤੀਆਂ ਜਾ ਰਹੀਆਂ ਤਬਦੀਲੀਆਂ ਪ੍ਰਤੀ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ।

"ਦੱਸ ਨਾ, ਇਹ ਕੀ ਹੋਜਾ,
ਕਿਸ ਲਈ ਸਭ ਕੁਝ ਖੋਜਾ,
ਦਵਾਈ ਖਾ ਮਰੀਜ਼ ਹੀ ਮੋਜਾ
ਫਿਰ ਸਾਡੇ ਹੱਥ ਕੀ ਆਜਾ।"

ਕਵੀ ਦਾ ਵਿਚਾਰ ਹੈ ਕਿ ਬਿਮਾਰੀ ਠੀਕ ਕਰਨ ਦੀ ਥਾਂ ਬਿਮਾਰ ਨੂੰ ਹੀ ਖ਼ਤਮ ਕਰ ਦੇਣਾ ਕਿੱਧਰ ਦੀ ਸਿਆਣਪ ਹੈ। ਇਸ ਕਵੀ ਆਧੁਨਿਕਤਾ ਦੀਆਂ ਤੇ ਜੀਵਨ ਵਿੱਚੋਂ ਹਰ ਤਰ੍ਹਾਂ ਦੀਆਂ ਸਾਂਝਾਂ, ਮੋਹ-ਪਿਆਰ ਤੇ ਸਮੀਆਂ ਖੋਜਿਆਂ ਦੇ ਖਤਮ ਹੋਣ ਪ੍ਰਤੀ ਚਿੰਤਾ ਦਾ ਪ੍ਰਗਟਾਵਾ ਪ੍ਰਭਾਵਸ਼ਾਲੀ ਢੰਗ ਨਾਲ ਕਰਦਾ ਹੈ।